



# ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ)

1. ਇਸ ਜ਼ਿਲ੍ਹੇ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਨੂੰ ਚਲਾਉਣ ਵਾਸਤੇ ਪ੍ਰਬੰਧਕੀ ਢਾਂਚਾ ਹੇਠ ਲਿਖੇ ਅਨੁਸਾਰ ਕੰਮ ਕਰਦਾ ਹੈ:-

ਜ਼ਿਲ੍ਹਾ ਸਿੱਖਿਆ ਅਫ਼ਸਰ, ਐਲੀਮੈਂਟਰੀ ਵਿਭਾਗ ਦੇ ਮੁੱਖੀ ਹੁੰਦੇ ਹਨ। ਉਹਨਾਂ ਦੀ ਸਹਾਇਤਾ ਲਈ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਆਸਾਮੀ ਹੁੰਦੀ ਹੈ। ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦਾ ਦਫ਼ਤਰ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਹੈ।

ਜ਼ਿਲ੍ਹੇ ਵਿੱਚ ਕੁਲ ਸਰਕਾਰੀ ਐਲੀਮੈਂਟਰੀ ਸਕੂਲਾਂ ਦੀ ਗਿਣਤੀ 12 ਤੋਂ 63 ਹੈ। ਜ਼ਿਲ੍ਹੇ ਵਿਚ ਕੁਲ ਪ੍ਰਾਇਮਰੀ ਟੀਚਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1. | ਜੇ.ਬੀ.ਟੀ. ਟੀਚਰ | 3173 |
| 2. | ਹੈਡ ਟੀਚਰ (ਐਚ.ਟੀ.) | 829 |
| 3. | ਸੈਂਟਰ ਹੈਡ ਟੀਚਰ (ਸੀ.ਐਚ.ਟੀ.) | 148 |
| | ਕੁਲ ਗਿਣਤੀ | 4150 |

ਸਕੂਲ ਪੱਧਰ ਤੇ ਸਕੂਲ ਦਾ ਮੁੱਖੀ ਹੈਡ ਟੀਚਰ ਹੁੰਦਾ ਹੈ ਅਤੇ ਸੈਂਟਰ ਪੱਧਰ ਤੇ ਸੈਂਟਰ ਹੈਡ ਟੀਚਰ ਜਿਸ ਦੇ ਅਧੀਨ 8-10 ਸਕੂਲ ਹੁੰਦੇ ਹਨ, ਜਿਨ੍ਹਾਂ ਦਾ ਉਸ ਨੇ ਸਮੇਂ-ਸਮੇਂ ਨਿਰੀਖਣ ਕਰਨਾ ਹੁੰਦਾ ਹੈ। ਵਿਭਾਗ ਵਲੋਂ ਮੰਗੀ ਗਈ ਸੂਚਨਾ ਸਾਰੇ ਸਕੂਲਾਂ ਵਿਚੋਂ ਇਕੱਠੀ ਕਰਨੀ ਹੁੰਦੀ ਹੈ। ਕਈ ਵਾਰ ਬਲਾਕ ਪੱਧਰ ਦੀ ਮੀਟਿੰਗ ਵਿਚ ਭਾਗ ਲੈਣ ਲਈ ਦਫ਼ਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਬੀ.ਪੀ.ਈ.ਓ.) ਵਿੱਚ ਜਾਣਾ ਹੁੰਦਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 19 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੇ ਦਫ਼ਤਰ ਬਲਾਕ ਪੱਧਰ ਤੇ ਹਨ ਅਤੇ ਇੱਕ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਹੈਡ ਕੁਆਰਟਰ) ਇਸ ਦਫ਼ਤਰ ਵਿਚ ਹੁੰਦਾ ਹੈ। ਫੀਲਡ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਹੇਠ ਲਿਖੇ ਅਨੁਸਾਰ ਹਨ:-

ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਹੁਸ਼ਿਆਰਪੁਰ 1-ਏ, ਹੁਸ਼ਿਆਰਪੁਰ 1-ਬੀ, ਹੁਸ਼ਿਆਰਪੁਰ -2 ਏ, ਹੁਸ਼ਿਆਰਪੁਰ 2-ਬੀ, ਬੁਲ੍ਹੋਵਾਲ, ਭੂੰਗਾ-1, ਭੂੰਗਾ-2, ਦਸੂਹਾ-1, ਦਸੂਹਾ-2, ਟਾਂਡਾ- 1, ਟਾਂਡਾ-2, ਮੁਕੇਰੀਆਂ-1, ਮੁਕੇਰੀਆਂ-2, ਹਾਜੀਪੁਰ, ਤਲਵਾੜਾ, ਮਾਹਿਲਪੁਰ-1, ਮਾਹਿਲਪੁਰ-2, ਗੜ੍ਹਸ਼ੰਕਰ-1 ਅਤੇ ਗੜ੍ਹਸ਼ੰਕਰ-2.

ਬਲਾਕ ਪੱਧਰ ਤੇ ਬੀ.ਪੀ.ਈ.ਓ. ਬਲਾਕ ਦੇ ਸਮੁੱਚੇ ਪ੍ਰਬੰਧ ਦਾ ਇੰਚਾਰਜ ਹੁੰਦਾ ਹੈ। ਜਿਸ ਦੇ ਅਧੀਨ 50-100 ਪ੍ਰਾਇਮਰੀ ਸਕੂਲ ਹੁੰਦੇ ਹਨ ਅਤੇ ਜਿਸ ਦੇ ਅਧੀਨ ਜੇ.ਬੀ.ਟੀ./ਹੈਡ ਟੀਚਰ/ਸੈਂਟਰ ਹੈਡ ਟੀਚਰ ਦੀਆਂ ਤਨਖਾਹਾਂ ਕਢਵਾਉਣ ਦੀਆਂ ਡੀ.ਡੀ.ਓ. ਪਾਵਰਾਂ ਹੁੰਦੀਆਂ ਹਨ। ਬੀ.ਪੀ.ਈ.ਓ. ਵਲੋਂ ਬਲਾਕ ਪੱਧਰ ਤੇ ਸਾਰੇ ਸਕੂਲਾਂ ਦੀਆਂ ਸਮੱਸਿਆਵਾਂ ਦੇ ਹੋਣ ਵਾਲੇ ਹੱਲ ਕਰਨੇ ਹੁੰਦੇ ਹਨ। ਆਪਣੇ ਪੱਧਰ ਤੇ ਹੱਲ ਨਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਚ ਭੇਜਣਾ ਹੁੰਦਾ ਹੈ। ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਮੁੱਚੇ ਜ਼ਿਲ੍ਹੇ ਦਾ ਇੰਚਾਰਜ਼ ਹੈ। ਜਿਸ ਪਾਸ 1263 ਸਰਕਾਰੀ ਸਕੂਲਾਂ ਤੋਂ ਇਲਾਵਾ ਗਰਾਂਟ ਇੰਨ ਏਡਿਡ/ਮਾਨਤਾ ਪ੍ਰਾਪਤ ਸਕੂਲਾਂ ਦਾ ਪ੍ਰਬੰਧ ਹੁੰਦਾ ਹੈ। ਜ਼ਿਲ੍ਹਾ ਪੱਧਰ ਤੇ ਜੋ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਉਸ ਨੂੰ ਦੂਰ ਕਰਨ ਦੇ ਯੋਗ ਉਪਰਾਲੇ ਕਰਨੇ ਹੁੰਦੇ ਹਨ। ਜਿਹੜੇ ਕੰਮ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਕਰਨ ਦੇ ਸਮਰੱਥ ਨਹੀਂ ਹੁੰਦੇ, ਉਸ ਨੂੰ ਡਾਇਰੈਕਟਰ ਪੱਧਰ ਤੇ ਭੇਜਿਆ ਜਾਂਦਾ ਹੈ।

2. **ਚਲ ਰਹੀਆਂ ਸਕੀਮਾਂ ਦਾ ਵੇਰਵਾ**

(ੳ) ਵਿਭਾਗ ਵਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜਦੀਆਂ ਅਨੁਸੂਚਿਤ ਜਾਤੀ ਦੀਆਂ ਪਹਿਲੀ ਤੋਂ ਪੰਜਵੀਂ ਜਮਾਤ ਦੀਆਂ ਲੜਕੀਆ ਨੂੰ ਹਾਜ਼ਰੀ ਵਜੀਫਾ 50/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਦਸ ਮਹੀਨਿਆਂ ਦੇ ਕੁੱਲ 500/- ਰੁਪਏ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ। ਇਹ ਵਜ਼ੀਫਾ 75% ਜਾਰੀ ਹੋਣ ਤੇ ਮਿਲਦਾ ਹੈ। ਜਿਸ ਵਿਦਿਆਰਥੀ ਦੇ ਮਾਪਿਆਂ ਦੀ ਜ਼ਮੀਨ ਪੰਜ ਏਕੜ ਤੋਂ ਘੱਟ ਹੋਵੇ ਅਤੇ ਇੰਨਕਮ ਟੈਕਸ ਨਾ ਦਿੰਦਾ ਹੋਵੇ ਉਹ ਬੱਚਾ ਇਸ ਵਜ਼ੀਫੇ ਦਾ ਹੱਕਦਾਰ ਹੁੰਦਾ ਹੈ।ਇਹ ਹਾਜ਼ਰੀ ਵਜ਼ੀਫਾ ਫੇਲ੍ਹ ਹੋਏ ਵਿਦਿਆਰਥੀ ਨੂੰ ਮਿਲਣ ਯੋਗ ਨਹੀਂ ਹੈ।

(ਅ) ਮਲੀਨ ਧੰਦਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਇਹ ਵਜ਼ੀਫਾ 950 ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਦਿੱਤਾ ਜਾਂਦਾ ਹੈ।ਇਸ ਵਿਚ ਬੱਚਿਆਂ ਦੇ ਮਾਪਿਆਂ ਦੀ ਆਮਦਨ ਦੀ ਕੋਈ ਹੱਦ ਨਹੀਂ ਰੱਖੀ ਗਈ ਹੈ।

(ੲ) ਵਿਮੁਕਤ ਜਾਤੀ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਪਹਿਲੀ ਤੋਂ ਪੰਜਵੀਂ ਜਮਾਤ ਤੱਕ 360/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਵਜ਼ੀਫਾ ਦਿੱਤਾ ਜਾਂਦਾ ਹੈ।

(ਸ) ਹੋਰ ਪਛੜੀਆਂ ਸ਼੍ਰੇਣੀਆਂ ਦੇ ਮਾਪਿਆਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਪਹਿਲੀ ਤੋਂ ਪੰਜਵੀਂ ਜਮਾਤ ਤੱਕ 25/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ 10 ਮਹੀਨਿਆਂ ਲਈ ਵਜ਼ੀਫਾ ਅਤੇ ਐਡਹਾਕ ਗ੍ਰਾਂਟ 500/- ਰੁਪਏ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਕੁੱਲ 750/- ਰੁਪਏ ਪ੍ਰਤੀ ਸਾਲ ਦਾ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਵਜ਼ੀਫੇ ਲਈ ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ 44500/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

(ਹ) ਭਲਾਈ ਵਿਭਾਗ ਵਲੋਂ ਪਹਿਲੀ ਤੋਂ ਪੰਜਵੀਂ ਜਮਾਤ ਦੇ ਅਨੁਸੂਚਿਤ ਜਾਤੀ ਨਾਲ ਸੰਬੰਧਤ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ।

(ਕ) ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹ ਰਹੇ ਸਾਰੇ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਸਕੀਮ ਅਧੀਨ (ਮਿਡ-ਡੇ-ਮੀਲ ਸਕੀਮ) 9 ਸੀ.ਡੀ. ਬਲਾਕਾਂ ਵਿੱਚ 3 ਕਿਲੋ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਕਣਕ ਦਿੱਤੀ ਜਾਂਦੀ ਹੈ। ਇਕ ਸੀ.ਡੀ. ਬਲਾਕ ਤਲਵਾੜਾ ਵਿਚ 106 ਸਕੂਲਾਂ ਦੇ ਵਿਦਿਆਰਥੀਆਂ ਨੂੰ ਪੱਕਿਆ ਪਕਾਇਆ ਦੁਪਹਿਰ ਦਾ ਭੋਜਨ ਦਿੱਤਾ ਜਾਂਦਾ ਹੈ।

3. ਜਿਹੜੇ ਵੀ ਪਿੰਡ ਵਾਸੀ ਨੂੰ ਕੋਈ ਵੀ ਪੜ੍ਹਾਈ ਸਬੰਧੀ/ਅਧਿਆਪਕਾਂ ਦੀ ਘਾਟ ਸਬੰਧੀ ਜਾਂ ਸਕੂਲ ਨੂੰ ਮਿਲਣ ਵਾਲੀ ਸਰਕਾਰੀ ਸਹੂਲਤ ਸਬੰਧੀ/ ਇਮਾਰਤ ਦੀ ਘਾਟ ਆਦਿ ਦੀ ਸਕੂਲ ਵਿਚ ਕਮੀ/ਸ਼ਿਕਾਇਤ ਹੁੰਦੀ ਹੈ ਤਾਂ ਉਹ ਸੰਬੰਧਤ ਸਕੂਲ ਮੁੱਖੀ/ਸੰਬੰਧਤ ਬੀ.ਪੀ.ਈ.ਓ. ਦੇ ਧਿਆਨ ਵਿਚ ਲਿਆਉਣੀ ਹੁੰਦੀ ਹੈ।ਜੇਕਰ ਸ਼ਿਕਾਇਤ ਦਾ ਨਿਪਟਾਰਾ ਜਾਂ ਮਾਲੀ ਮਦਦ ਆਦਿ ਦੇ ਲਈ ਇਹ ਦਫ਼ਤਰ ਸਮਰੱਥ ਹੁੰਦਾ ਹੈ, ਉਸ ਨੂੰ ਬੜੇ ਸੁਚਾਰੂ ਢੰਗ ਨਾਲ ਹੱਲ ਕੀਤਾ ਜਾਂਦਾ ਹੈ ਅਤੇ ਹਰ ਸ਼ਿਕਾਇਤ ਦਾ ਹੱਲ ਪਹਿਲ ਦੇ ਆਧਾਰ ਤੇ ਹੁੰਦਾ ਹੈ। ਜਿਹੜੀ ਸਮੱਸਿਆ ਇਸ ਦਫ਼ਤਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੁੰਦੀ ਤਾਂ ਉਸ ਦੇ ਹੱਲ ਲਈ ਡਾਇਰੈਕਟਰ ਪੱਧਰ ਜਾਂ ਹੋਰ ਵਿਭਾਗੀ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨ।

4. ਬੱਚਿਆਂ ਨੂੰ ਸਿਹਤ ਪੱਖੋਂ ਠੀਕ ਰੱਖਣ ਲਈ ਸਿਹਤ ਵਿਭਾਗ ਵਲੋਂ ਸਮੇਂ-ਸਮੇਂ ਮੈਡੀਕਲ ਚੈਕ-ਅਪ ਕੀਤਾ ਜਾਂਦਾ ਹੈ। ਖੇਡਾਂ ਦੀ ਵਧੇਰੇ ਰੁਚੀ ਪੈਦਾ ਕਰਨ ਲਈ ਸਮੇਂ-ਸਮੇਂ ਬਲਾਕ ਪੱਧਰ/ਤਹਿਸੀਲ/ਜ਼ਿਲ੍ਹਾ ਪੱਧਰ ਤੇ ਖੇਡਾਂ ਕਰਵਾਈਆਂ ਜਾਂਦੀਆਂ ਹਨ। ਚੰਗੀ ਕਾਰਜਗੁਜ਼ਾਰੀ ਵਾਲੇ ਬੱਚਿਆਂ ਨੂੰ ਯੋਗ ਹੌਸਲਾ ਅਫ਼ਜਾਈ/ਇਨਾਮ ਵੀ ਦਿੱਤੇ ਜਾਂਦੇ ਹਨ।

ਵਿਭਾਗ ਵਲੋਂ ਜੋ ਵਿਦਿਆਰਥੀ ਪੰਜਵੀਂ ਜਮਾਤ ਵਿਚੋਂ ਬਲਾਕ ਪੱਧਰ/ਜ਼ਿਲ੍ਹਾ ਪੱਧਰ ਤੇ ਪਹਿਲੇ, ਦੂਜੇ, ਤੀਜੇ ਨੰਬਰ ਤੇ ਆਉਂਦੇ ਹਨ, ਉਹਨਾਂ ਨੂੰ ਰਾਜ ਪੱਧਰ ਤੇ ਸਿੱਖਿਆ ਮੰਤਰੀ, ਡਾਇਰੈਕਟਰ ਸਿੱਖਿਆ ਵਿਭਾਗ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੀ ਅਗਵਾਈ ਹੇਠ ਹੋਣ ਵਾਲੇ ਸਮਾਰੋਹਾਂ ਵਿਚ ਸਨਮਾਨਿਤ ਕੀਤਾ ਜਾਂਦਾ ਹੈ।

5. **ਸਰਵ ਸਿੱਖਿਆ ਅਭਿਆਨ**

**ਮੰਤਵ ਅਤੇ ਉਦੇਸ਼**

6 ਤੋਂ 14 ਸਾਲ ਦੇ ਬੱਚਿਆਂ ਨੂੰ ਮੁਫ਼ਤ ਲਾਜ਼ਮੀ ਸਿੱਖਿਆ ਦੇਣ ਲਈ ਅਤੇ ਸੰਵਿਧਾਨਿਕ ਵਿਵਸਥਾ ਪੂਰੀ ਕਰਨ ਹਿੱਤ ਭਾਰਤ ਸਰਕਾਰ ਵਲੋਂ ਸਰਵ ਸਿੱਖਿਆ ਅਭਿਆਨ ਚਲਾਇਆ ਗਿਆ ਹੈ। ਜਿਸ ਅਧੀਨ ਹਰ ਰਾਜ ਦੇ 2003 ਤੱਕ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਦੀ ਸਕੂਲਾਂ ਵਿਚ ਹਾਜ਼ਰੀ ਯਕੀਨੀ ਬਣਾਉਣ, 2010 ਤੱਕ ਸਾਰੇ ਬੱਚਿਆਂ ਦੀ 8 ਸਾਲਾਂ ਸਕੂਲੀ ਸਿੱਖਿਆ ਨੂੰ ਪੂਰਾ ਕਰਨ, ਪਹਿਲੀ ਤੋਂ ਅੱਠਵੀਂ ਜਮਾਤ ਤੱਕ ਸਕੂਲੀ ਸਿੱਖਿਆ ਵਿਚੋਂ ਡਰਾਪ ਆਉਟ ਰੇਟ ਖਤਮ ਕਰਨ, ਸਕੂਲੀ ਸਿੱਖਿਆ ਵਿਚੋਂ ਹਰ ਤਰ੍ਹਾਂ ਦੇ ਭੇਦ ਭਾਵ (ਲੜਕੀਆਂ-ਲੜਕੇ, ਪੇਂਡੂ-ਸ਼ਹਿਰੀ, ਧਰਮਾਂ-ਜਾਤਾਂ) ਨੂੰ ਜੜੋਂ ਉਖਾੜ ਕੇ ਬੱਚਿਆਂ ਨੂੰ ਸਿੱਖਿਆ ਵਿਚ ਬਰਾਬਰੀ ਦੇ ਪੱਧਰ ਤੇ ਲਿਆਉਣਾ ਹੈ। ਸਰਵ ਸਿੱਖਿਆ ਅਭਿਆਨ ਤਹਿਤ ਕੀਤੇ ਗਏ ਪੈਸੇ ਦੀ ਵਰਤੋਂ ਲਈ ਸਮੁਦਾਏ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

1. ਪ੍ਰਾਇਮਰੀ ਸਿੱਖਿਆ ਵਿਭਾਗ ਵਲੋਂ ਚਲਾਏ ਗਏ ਬਰਾਂਚ ਸਕੂਲਾਂ ਨੂੰ ਅਪਗ੍ਰੇਡ ਕਰਕੇ ਪੂਰਨ ਸਕੂਲਾਂ ਵਿਚ ਤਬਦੀਲ ਕੀਤਾ ਗਿਆ ਹੈ। ਜ਼ਿਲ੍ਹੇ ਪੱਧਰ ਤੇ ਇਹਨਾਂ ਸਕੂਲਾਂ ਲਈ ਅਧਿਆਪਕਾਂ ਦੀ ਭਰਤੀ ਇਕ ਮੁਸ਼ਤ 5000/- ਰੁਪਏ ਪ੍ਰਤੀ ਅਧਿਆਪਕ ਦੀ ਦਰ ਨਾਲ ਕੀਤੀ ਗਈ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇਸ ਤਹਿਤ 125 ਅਧਿਆਪਕ ਭਰਤੀ ਕੀਤੇ ਗਏ ਹਨ।

2. **ਸਕੂਲ ਗਰਾਂਟ**

ਜ਼ਿਲ੍ਹੇ ਦੇ ਹਰ ਸਕੂਲ ਨੂੰ ਪ੍ਰਤੀ ਸਾਲ 2000/- ਰੁਪਏ ਦੀ ਗਰਾਂਟ ਸਕੂਲ ਦੇ ਖਰਾਬ ਹੋਏ ਫਰਨੀਚਰ ਨੂੰ ਠੀਕ ਕਰਨ ਲਈ, ਹੋਰ ਸਾਜੋ ਸਮਾਨ ਦੀ ਮੁਰੰਮਤ, ਦੇਖ ਭਾਲ ਅਤੇ ਸਕੂਲ ਲਈ ਲੋੜੀਂਦੀਆਂ ਹੋਰ ਵਸਤਾਂ ਦੀ ਖਰੀਦ ਲਈ ਦਿੱਤੀ ਜਾਣੀ ਹੈ।

3. **ਅਧਿਆਪਕ ਗਰਾਂਟ**

ਅਧਿਆਪਕ ਗਰਾਂਟ ਅਧੀਨ 500/- ਰੁਪਏ ਦੀ ਰਾਸ਼ੀ ਹਰ ਅਧਿਆਪਕ ਨੂੰ ਹਰ ਸਾਲ ਦਿੱਤੀ ਜਾਣੀ ਹੈ। ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸ਼੍ਰੇਣੀਆਂ ਨਾਲ ਸਬੰਧਤ ਸਾਰੇ ਅਧਿਆਪਕ ਇਹ ਗ੍ਰਾਂਟ ਲੈ ਸਕਣਗੇ। ਅਧਿਆਪਕ ਆਪਣੇ ਤਜ਼ਰਬੇ ਦੇ ਅਧਾਰ ਤੇ ਟੀਚਿੰਗ ਲਰਨਿੰਗ ਏਡਜ਼ ਤਿਆਰ ਕਰਾਉਣਗੇ। ਅਧਿਆਪਕ ਆਪਣੀ ਲੋੜ ਅਨੁਸਾਰ ਕਲਾਸ ਰੂਮ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਵੀ ਖਰੀਦ ਸਕਣਗੇ।

4. **ਐਜੂਕੇਸ਼ਨ ਗਰੰਟੀ ਸੈਂਟਰ**

ਸਰਵ ਸਿੱਖਿਆ ਅਭਿਆਨ ਦਾ ਮੁੱਖ ਟੀਚਾ 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਸਕੂਲਾਂ ਜਾਂ ਈ.ਜੀ.ਐਸ. ਸੈਂਟਰਾਂ ਵਿਖੇ ਲਿਆਉਣਾ ਹੈ। ਇਸ ਲਈ ਬੱਚਿਆਂ ਲਈ ਪੁਸਤਕਾਂ ਦਾ ਪ੍ਰਬੰਧ ਕਰਨਾ, ਸਿੱਖਿਆ ਕਰਮੀਆਂ ਨੂੰ ਮਾਣ ਭੱਤਾ ਦੇਣਾ, ਉਹਨਾਂ ਨੂੰ ਟਰੇਨਿੰਗ ਦੇਣੀ, ਨਿਗਰਾਨੀ ਅਤੇ ਮੀਟਿੰਗਾਂ ਆਦਿ ਦਾ ਪ੍ਰਬੰਧ ਕਰਨਾ ਹੈ। ਇਸ ਸਾਰੇ ਕੰਮ ਵਿਚ ਸਮੁਦਾਏ ਨੂੰ ਸ਼ਾਮਿਲ ਕੀਤਾ ਜਾਵੇਗਾ।

5. **ਸਰੀਰਕ ਅਤੇ ਮਾਨਸਿਕ ਚੁਨੌਤੀ ਵਾਲੇ ਬੱਚਿਆਂ ਨੂੰ ਗਰਾਂਟ**

ਜ਼ਿਲ੍ਹੇ ਵਿਚ ਪੜ੍ਹ ਰਹੇ 6-14 ਸਾਲ ਦੇ ਉਹ ਸਾਰੇ ਬੱਚੇ ਜੋ ਸਰੀਰਕ ਅਤੇ ਮਾਨਸਿਕ ਚੁਨੌਤੀ ਗ੍ਰਸਤ ਹਨ, ਇਸ ਦੇ ਲਾਭ ਪਾਤਰ ਹੋਣਗੇ। ਇਸ ਲਈ 1200/- ਰੁਪਏ ਪ੍ਰਤੀ ਬੱਚਾ ਖਰਚ ਕੀਤਾ ਜਾਵੇਗਾ। ਜਿਸ ਵਿਚ ਸਹਾਇਕ ਸਮੱਗਰੀ ਸਕੂਲਾਂ ਵਿਚ ਕੈਂਪ ਅਤੇ ਸਪੈਸ਼ਲ ਪਖਾਨਿਆਂ ਦਾ ਪ੍ਰਬੰਧ ਕਰਨਾ, ਅਧਿਆਪਕਾਂ ਨੂੰ ਇਸ ਲਈ ਟਰੇਨਿੰਗ ਦਿਵਾਉਣ, ਸਮੁਦਾਏ ਨੂੰ ਸਿੱਖਿਅਤ ਕਰਨਾ ਅਤੇ ਟਰੇਨਿੰਗ ਆਦਿ ਦਾ ਪ੍ਰਬੰਧ ਕਰਨਾ ਹੈ। ਅਜਿਹੇ ਬੱਚਿਆਂ ਦੀ ਪਹਿਚਾਣ ਅਤੇ ਰੈਗੂਲਰ ਚੈਕ ਅਪ ਲਈ ਸਰਵੇ ਕੀਤਾ ਗਿਆ ਹੈ।

6. **ਬਲਾਕ ਰਿਸੋਰਸ ਸੈਂਟਰ**

ਇਸ ਵਿਚ ਬਲਾਕ ਪੱਧਰ ਤੇ ਕੰਮ ਕਰਨ ਵਾਲੇ ਸਟਾਫ਼ ਦਾ ਮਾਨ ਭੱਤਾ ਦਿੱਤਾ ਜਾਵੇਗਾ। ਹਰ ਸੀ.ਡੀ. ਬਲਾਕ ਲਈ 12500/- ਰੁਪਏ ਆਮ ਖਰਚੇ ਵਜੋਂ ਦਿੱਤੇ ਜਾਣਗੇ। 5000/- ਰੁਪਏ ਟੀ.ਐਲ.ਐਮ. ਤਿਆਰ ਕਰਨ ਲਈ ਦਿੱਤੇ ਜਾਣਗੇ ਜੋ ਅਧਿਆਪਕਾਂ ਦੀਆਂ ਟਰੇਨਿੰਗ ਲੋੜਾਂ ਨੂੰ ਪੂਰਾ ਕਰਦੀ ਹੋਵੇ।

7. **ਕਲਸਟਰ ਰਿਸੋਰਸ ਸੈਂਟਰ**

ਪ੍ਰਾਇਮਰੀ ਪੱਧਰ ਤੇ ਜੋ ਸਕੂਲ ਕਲਸਟਰ ਚਲ ਰਹੇ ਹਨ ਉਹਨਾਂ ਨੂੰ 2500/- ਰੁਪਏ ਪ੍ਰਤੀ ਸਾਲ ਆਮ ਖਰਚਿਆਂ ਲਈ ਦਿੱਤੇ ਜਾਣਗੇ।

8. **ਰਿਸਰਚ ਅਤੇ ਇਵੈਲੂਏਸ਼ਨ**

ਜ਼ਿਲ੍ਹੇ ਅੰਦਰ ਸਕੂਲੀ ਪੜ੍ਹਾਈ ਦੇ ਪੱਧਰ ਦੀਆਂ ਮੁਸ਼ਕਿਲਾਂ ਦਾ ਲੱਭਣਾ ਅਤੇ ਸਿੱਖਿਆ ਗੁਣਵਤਾ ਵਿਚ ਸੁਧਾਰ ਲਿਆਉਣ ਲਈ ਇਹ ਇਕਾਈ ਕੰਮ ਕਰਦੀ ਹੈ।

9. **ਸਿਵਲ ਵਰਕਸ**

ਸਰਵ ਸਿੱਖਿਆ ਅਭਿਆਨ ਦੁਆਰਾ ਕੀਤੇ ਗਏ ਕੁਲ ਖਰਚੇ ਦਾ 33% ਹਿੱਸਾ ਸਿਵਲ ਵਰਕਸ ਤੇ ਖਰਚਿਆ ਜਾਂਦਾ ਹੈ, ਜਿਸ ਵਿਚ ਬਲਾਕ ਰਿਸੋਰਸ ਸੈਂਟਰ ਲਈ 6 ਲੱਖ ਪ੍ਰਤੀ ਸੀ.ਡੀ. ਬਲਾਕ ਕਲਸਟਰ ਰਿਸੋਰਸ ਸੈਂਟਰ ਅਤੇ ਕਲਾਸ ਦੇ ਵਾਧੂ ਕਮਰਿਆਂ ਲਈ 1.20 ਲੱਖ ਰੁਪਏ ਪ੍ਰਤੀ ਕਮਰਾ, ਇਮਾਰਤਹੀਣ ਸਕੂਲਾਂ ਲਈ 3 ਲੱਖ ਰੁਪਏ ਪ੍ਰਤੀ ਸਕੂਲ, ਪੀਣ ਵਾਲੇ ਪਾਣੀ ਅਤੇ ਸੈਨੇਟਰੀ ਬਲਾਕ ਲਈ 35 ਹਜ਼ਾਰ ਰੁਪਏ ਪ੍ਰਤੀ ਸਕੂਲ ਅਤੇ ਬਰਾਂਡੇ ਲਈ 1 ਲੱਖ ਰੁਪਏ ਪ੍ਰਤੀ ਸਕੂਲ ਲਈ ਪੇਂਡੂ ਸਿੱਖਿਆ ਵਿਕਾਸ ਕਮੇਟੀ ਦੇ ਸਹਿਯੋਗ ਨਾਲ ਖਰਚ ਕੀਤੇ ਜਾਂਦੇ ਹਨ।

10. **ਮੈਨਟੀਨੈਂਸ ਅਤੇ ਰਿਪੇਅਰ ਗਰਾਂਟ**

ਜ਼ਿਲ੍ਹੇ ਵਿਚ ਚਲ ਰਹੇ ਸਾਰੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਨੂੰ ਸਕੂਲ ਵਿਚ ਲੋੜੀਂਦੀ ਫਿਟਿੰਗ ਅਤੇ ਟੁੱਟ ਭੱਜ ਨੂੰ ਮੁਰੰਮਤ ਕਰਨ ਆਦਿ ਲਈ 5 ਹਜ਼ਾਰ ਰੁਪਏ ਪ੍ਰਤੀ ਸਾਲ ਲਈ ਦਿੱਤੇ ਜਾਂਦੇ ਹਨ।

11. **ਇਨ ਸਰਵਿਸ ਟਰੇਨਿੰਗ ਸੈਂਟਰ**

ਅਧਿਆਪਕਾਂ ਦੇ ਸਿੱਖਣ-ਸਿਖਾਉਣ ਦੇ ਪੱਧਰ ਨੂੰ ਉੱਚਾ ਚੁਕਣ ਲਈ ਉਹਨਾਂ ਨੂੰ ਪੈਦਾ ਹੋ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਿੱਖਿਆ ਦੇ ਪੱਧਰ ਲਈ ਆ ਰਹੀਆਂ ਤਬਦੀਲੀਆਂ ਦੇ ਹਾਣ ਦਾ ਬਨਾਉਣ ਲਈ ਹਰ ਅਧਿਆਪਕ ਨੂੰ ਹਰ ਸਾਲ 20 ਦਿਨ ਦੀ ਟਰੇਨਿੰਗ ਦਿੱਤੀ ਜਾਂਦੀ ਹੈ।

12. **ਪਸਵਕ ਦੇ ਮੈਂਬਰਾਂ ਦੀ ਸਿਖਲਾਈ**

ਸਮਾਜ ਨੂੰ ਸਿੱਖਿਆ ਦੀ ਮਹੱਤਤਾ ਦਰਸਾਉਂਦੇ ਹੋਏ ਪਸਵਕ ਦੇ ਮੈਂਬਰਾਂ ਨੂੰ ਬੱਚਿਆਂ ਦੀ ਸਿੱਖਿਆ ਦੀ ਲੋੜ, ਸਿੱਖਿਆ ਸੰਸਥਾਵਾਂ ਦੀ ਸੰਭਾਲ, ਅਤੇ ਉਹਨਾਂ ਪ੍ਰਤੀ ਉਸਾਰੂ ਪਹੁੰਚ ਅਪਨਾਉਣ ਲਈ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹੇ ਵਿਚ ਚਲ ਰਹੀ ਲਾਈਟ ਅਤੇ ਐਸ.ਸੀ.ਈ.ਆਰ.ਟੀ. ਪੰਜਾਬ, ਚੰਡੀਗੜ੍ਹ ਵਿਖੇ ਡੀ.ਆਰ.ਐਸ. (ਡਾਇਰੈਕਟ ਰਿਲੇਅ ਸਿਸਟਮ) ਦੇ ਯੰਤਰ ਫਿੱਟ ਕੀਤੇ ਜਾਣੇ ਹਨ। ਜਿਸ ਰਾਹੀਂ ਪਸਵਕ ਦੇ ਮੈਂਬਰਾਂ ਨੂੰ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਜਾਣਾ ਹੈ।

13. **ਕੰਪਿਊਟਰ ਸਿੱਖਿਆ**

ਇਸ ਗਰਾਂਟ ਦੀ ਵਰਤੋਂ ਸਕੂਲਾਂ ਵਿਚ ਬੱਚਿਆਂ ਨੂੰ ਕੰਪਿਊਟਰ ਸਿੱਖਿਆ ਦੇਣ ਲਈ ਕੀਤੀ ਜਾਣੀ ਹੈ।

14. **ਲੜਕੀਆਂ ਦੀ ਸਿੱਖਿਆ**

ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹੇ ਅੰਦਰ ਲੜਕੀਆਂ ਦੀ ਸਿੱਖਿਆ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਹਨਾਂ ਨੂੰ ਸਕੂਲ ਵਿੱਚ ਲੈ ਕੇ ਆਉਣ, ਡਰਾਪ ਆਉਟ ਰੇਟ ਘਟਾਉਣ, ਉਹਨਾਂ ਦੀ ਪੜ੍ਹਾਈ ਦਾ ਪੱਧਰ ਉਚਾ ਕਰਨ ਅਤੇ ਜ਼ੈਂਡਰ ਗੈਪ ਨੂੰ ਖਤਮ ਕਰਨਾ ਹੈ।

15. **ਅਨੁਸੂਚਿਤ ਜਾਤੀ ਦੀ ਸਿੱਖਿਆ ਉੱਤੇ ਜ਼ੋਰ**

ਇਸ ਗਰਾਂਟ ਦਾ ਮਕਸਦ ਅਨੁਸੂਚਿਤ ਜਾਤੀ ਦੇ ਬੱਚਿਆਂ ਦੀ ਸਿੱਖਿਆ ਉੱਤੇ ਵਿਸ਼ੇਸ਼ ਜ਼ੋਰ ਦੇਣਾ ਹੈ। ਉਹਨਾਂ ਨੂੰ ਸਕੂਲ ਵਿਚ ਲੈ ਕੇ ਆਉਣਾ ਹੈ।

16. **ਪ੍ਰੀ-ਪ੍ਰਾਇਮਰੀ ਸਿੱਖਿਆ**

ਜ਼ਿਲ੍ਹੇ ਅੰਦਰ ਚਲ ਰਹੀਆਂ ਆਂਗਨਵਾੜੀ ਦੀ ਮਦਦ ਕਰਨਾ ਅਤੇ ਜਿਥੇ ਆਂਗਨਵਾੜੀ ਨਹੀਂ ਹਨ, ਹੋਰ ਆਂਗਨਵਾੜੀਆਂ ਖੋਲ੍ਹਣ

ਦਾ ਉਪਰਾਲਾ ਕਰਨਾ ਤਾਂ ਜੋ ਘੱਟ ਉਮਰ ਦੇ ਬੱਚਿਆਂ ਨੂੰ ਪ੍ਰੀ-ਪ੍ਰਾਇਮਰੀ ਸਿੱਖਿਆ ਦੇਣਾ ਹੈ।

17. **ਮੁਫ਼ਤ ਸਕੂਲ ਕਿਤਾਬਾਂ**

ਜ਼ਿਲ੍ਹੇ ਵਿਚ ਸਕੂਲੀ ਮੁੰਡੇ ਅਤੇ ਕੁੜੀਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਸਰਵ ਸਿੱਖਿਆ ਅਭਿਆਨ ਅਧੀਨ ਗੈਰ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਮੁਫ਼ਤ ਕਿਤਾਬਾਂ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।